
# ਸੇਮਾਗਾ ਕਿਵੇਂ ਫੜਿਆ ਗਿਆ

## ਮੈਕਸਿਮ ਗੋਰਕੀ



# ਸੇਮਾਗਾ ਕਿਵੇਂ ਫੜਿਆ ਗਿਆ

ਮੈਕਸਿਮ ਗੋਰਕੀ



ਅਨੁਰਾਗ ਟਰੱਸਟ

© ਸਾਰੇ ਹੱਕ ਰਾਖਵੇਂ ਹਨ।

**ਕੀਮਤ — 10 ਰੁਪਏ**

ਪੰਜਾਬੀ ਅਨੁਵਾਦ – ਸੁਖਬੀਰ

ਟਾਈਟਲ ਕਵਰ ਅਤੇ ਰੇਖਾਚਿੱਤਰ — ਰਾਮਬਾਬੂ

ਇਹ ਐਡੀਸ਼ਨ — ਸਤੰਬਰ, 2013

ਪ੍ਰਕਾਸ਼ਕ

**ਅਨੁਰਾਗ ਟਰੱਸਟ**

**ਡੀ-68, ਨਿਰਾਲਾਨਗਰ**

**ਲਖਨਊ - 226020**

# ਸੇਮਾਗਾ ਕਿਵੇਂ ਫੜਿਆ ਗਿਆ



**ਸੇਮਾਗਾ** ਇੱਕ ਸ਼ਰਾਬਖ਼ਾਨੇ ਵਿੱਚ ਮੇਜ਼ ਉੱਤੇ ਇਕੱਲਾ ਹੀ ਬੈਠਾ ਹੋਇਆ ਸੀ ਤੇ ਉਸ ਦੇ ਸਾਹਮਣੇ ਵੋਦਕਾ ਦੀ ਬੋਤਲ ਅਤੇ ਪੰਦਰਾਂ ਕੋਪੀਕਾਂ ਦੀ ਮਾਸ ਦੀ ਪਲੇਟ ਪਈ ਸੀ।

ਕਮਰੇ ਦੀ ਛੱਤ ਧੁਆਂਖੀ ਹੋਈ ਸੀ ਤੇ ਉਸ ਵਿੱਚ ਇੱਕ ਲੈਂਪ 'ਬਾਰ' ਦੇ ਕੋਲ਼ ਅਤੇ ਦੋ ਵਿਚਕਾਰ ਜਹੇ ਕਰਕੇ ਜਗ ਰਹੇ ਸਨ। ਧੂੰਏਂ ਸਦਕਾ ਹਵਾ ਬੜੀ ਸੰਘਣੀ ਸੀ, ਤੇ ਧੂੰਏਂ ਦੀਆਂ ਲਹਿਰਾਂ ਵਿੱਚ ਧੁੰਧਲੀਆਂ ਜੇਹੀਆਂ ਸ਼ਕਲਾਂ ਤੈਰ ਰਹੀਆਂ ਸਨ, ਜੋ ਬੋਲ਼ ਰਹੀਆਂ ਸਨ, ਗਾ ਰਹੀਆਂ ਸਨ, ਤੇ ਉੱਚੀ-ਉੱਚੀ ਗਾਲ੍ਹਾਂ ਕੱਢ ਰਹੀਆਂ ਸਨ, ਜਿਵੇਂ ਉਹਨਾਂ ਨੂੰ ਪਤਾ ਹੋਵੇ ਕਿ ਉਹ ਕਨੂੰਨ ਦੀ ਪਹੁੰਚ ਤੋਂ ਬਾਹਰ ਹਨ।

ਬਾਹਰ ਉਹਨਾਂ ਭਿਆਨਕ ਤੂਫ਼ਾਨਾਂ ਵਿੱਚੋਂ ਇੱਕ — ਜੋ ਸਰਦ ਰੁੱਤ ਦੇ ਅੰਤਲੇ ਦਿਨਾਂ ਵਿੱਚ ਮਨਮਰਜ਼ੀ ਨਾਲ਼ ਸਿਰ ਚੁੱਕਦੇ ਹਨ — ਝੁੱਲ ਰਿਹਾ ਸੀ, ਜਿਸ ਵਿੱਚ ਬਰਫ਼ ਦੇ ਵੱਡੇ-ਵੱਡੇ ਬੋਝਲ ਬੱਦਲ ਥੱਲੇ ਡਿੱਗ ਰਹੇ ਸਨ, ਪਰ ਸ਼ਰਾਬਖ਼ਾਨੇ ਦੇ ਅੰਦਰ ਨਿੱਘ ਸੀ, ਤੇ ਰੌਲ਼ਾ ਸੀ, ਤੇ ਇੱਕ ਜਾਣੀ-ਪਛਾਣੀ ਹੋਈ ਮਹਿਕ ਸੀ।

ਸੇਮਾਗਾ ਧੂੰਏਂ ਵਿੱਚੋਂ ਦੀ ਇੱਕ ਟਕ ਬੂਹੇ ਵੱਲ ਵੇਖ ਰਿਹਾ ਸੀ, ਤੇ ਜਦ ਵੀ ਕੋਈ ਅੰਦਰ ਦਾਖ਼ਲ ਹੁੰਦਾ, ਉਸ ਦੀਆਂ ਅੱਖਾਂ ਵਧੇਰੇ ਤਿੱਖੀ ਨਜ਼ਰ ਨਾਲ਼ ਵੇਖਦੀਆਂ। ਤਦ ਉਹ ਰਤਾ ਕੁ ਅਗਾਂਹ ਵੱਲ ਝੁਕ

ਜਾਂਦਾ ਤੇ ਕਿਸੇ ਵੇਲ਼ੇ ਚਿਹਰੇ ਨੂੰ ਲੁਕਾਉਣ ਲਈ ਉਸ ਉੱਤੇ ਹੱਥ ਰੱਖ ਲੈਂਦਾ, ਤੇ ਹੋਰ ਵਧੇਰੇ ਗਹੁ ਨਾਲ਼ ਆਉਣ ਵਾਲ਼ੇ ਬੰਦੇ ਦੇ ਨਕਸ਼ਾਂ ਨੂੰ ਦੇਖਦਾ ਤੇ ਇੱਕ ਬਹੁਤ ਹੀ ਖਾਸ ਵਜ੍ਹਾ ਕਰਕੇ ਉਹ ਅਜਿਹਾ ਕਰਦਾ ਸੀ।

ਜਦੋਂ ਉਹ ਨਵੇਂ ਆਏ ਬੰਦੇ ਨੂੰ ਚੰਗੀ ਤਰ੍ਹਾਂ ਘੋਖ ਕੇ ਵੇਖ ਲੈਂਦਾ ਤੇ ਜਿਸ ਗੱਲ ਦਾ ਉਹ ਯਕੀਨ ਕਰਨਾ ਚਾਹੁੰਦਾ, ਉਸਦਾ ਯਕੀਨ ਹੋ ਜਾਂਦਾ ਤਾਂ ਉਹ ਖ਼ਾਲੀ ਗਿਲਾਸ ਵਿੱਚ ਹੋਰ ਵੋਦਕਾ ਪਾਉਂਦਾ, ਉਸ ਨੂੰ ਇੱਕੋ ਡੀਕੇ ਪੀ ਜਾਂਦਾ, ਮਾਸ ਤੇ ਆਲੂਆਂ ਦੇ ਪੰਜ-ਸੱਤ ਟੋਟੇ ਮੂੰਹ ਵਿੱਚ ਪਾਉਂਦਾ, ਤੇ ਸਹਿਜੇ ਸਹਿਜੇ ਖਾਂਦਾ, ਬੁੱਲ੍ਹਾਂ ਨੂੰ ਤੇ ਆਪਣੀਆਂ ਫੌਜੀਆਂ ਵਰਗੀਆਂ ਤਿੱਖੀਆਂ ਮੁੱਛਾਂ ਨੂੰ ਚੱਟਦਾ ਹੋਇਆ ਬੈਠਾ ਰਹਿੰਦਾ।

ਉਸ ਦੇ ਉਲ਼ਝੇ ਹੋਏ ਵਾਲ਼ਾਂ ਵਾਲ਼ੇ ਵੱਡੇ ਸਾਰੇ ਸਿਰ ਦੀ ਅਜ਼ੀਬ ਜਿਹੀ ਛਾਂ ਸਲੇਟੀ ਰੰਗ ਦੀ ਕੰਧ ’ਤੇ ਪੈ ਰਹੀ ਸੀ, ਤੇ ਜਦ ਉਹ ਮਾਸ ਤੇ ਆਲੂ ਖਾ ਰਿਹਾ ਹੁੰਦਾ ਤਾਂ ਉਹ ਛਾਂ ਹਿਲਦੀ, ਜਿਵੇਂ ਉਸ ਬੰਦੇ ਨੂੰ ਕੁੱਝ ਕਹਿ ਰਹੀ ਹੋਵੇ ਜੋ ਅੱਗੋਂ ਕੋਈ ਜਵਾਬ ਨਾ ਦੇ ਰਿਹਾ ਹੋਵੇ।

ਸੇਮਾਗਾ ਦਾ ਚੌੜਾ ਭਰਵਾਂ ਚਿਹਰਾ ਸੀ, ਉਸ ਦੀਆਂ ਗੱਲ੍ਹਾਂ ਦੀਆਂ ਹੱਡੀਆਂ ਉੱਭਰੀਆਂ ਹੋਈਆਂ ਸਨ ਤੇ ਦਾੜ੍ਹੀ ਸਫ਼ਾਚੱਟ ਸੀ। ਉਸ ਦੀਆਂ ਵੱਡੀਆਂ-ਵੱਡੀਆਂ ਸਲੇਟੀ ਰੰਗ ਦੀਆਂ ਅੱਖਾਂ ਸਨ, ਜਿੰਨ੍ਹਾਂ ਨੂੰ ਸੁੰਗੇੜਨ ਦੀ ਉਸਨੂੰ ਆਦਤ ਪਈ ਹੋਈ ਸੀ। ਅੱਖਾਂ ਉੱਤੇ ਸੰਘਣੇ ਕਾਲ਼ੇ ਭਰਵੱਟੇ ਸਨ ਤੇ ਬੇਰੰਗ ਘੁੰਗਰਾਲ਼ੇ ਵਾਲ਼ਾਂ ਦਾ ਇੱਕ ਗੁੱਛਾ ਉਸ ਦੇ ਖੱਬੇ ਭਰਵੱਟੇ ਉੱਤੇ ਲਟਕਿਆ ਹੋਇਆ ਉਸ ਨੂੰ ਰਤਾ ਕੁ ਛੂਹ ਰਿਹਾ ਸੀ।

ਸਮੁੱਚੇ ਤੌਰ ’ਤੇ ਸੇਮਾਗਾ ਦਾ ਚਿਹਰਾ ਅਗਲੇ ਦੇ ਮਨ ਵਿੱਚ ਭਰੋਸਾ ਪੈਦਾ ਕਰਨ ਵਾਲ਼ਾ ਚਿਹਰਾ ਨਹੀਂ ਸੀ। ਉਸ ਉੱਤੇ ਤਣਾਅ ਅਤੇ ਦ੍ਰਿੜਤਾ ਭਰਿਆ ਇੱਕ ਅਜਿਹਾ ਭਾਵ ਸੀ, ਜੋ ਉਹੋ ਜਿਹੀ ਥਾਂ ਆ ਕੇ ਬੈਠਣ ਵਾਲ਼ਿਆਂ ਲੋਕਾਂ ਦੇ ਚਿਹਰਿਆਂ ’ਤੇ ਵਿਖਾਈ ਨਹੀਂ ਦਿੰਦਾ।

ਉਸ ਨੇ ਪੁਰਾਣਾ ਗਰਮ ਕੋਟ ਪਾਇਆ ਹੋਇਆ ਸੀ, ਜਿਸ ਨੂੰ ਉਸ ਨੇ ਲੱਕ ਦੁਆਲੇ ਰੱਸੀ ਨਾਲ਼ ਬੰਨਿਆ ਹੋਇਆ ਸੀ। ਉਸ ਦੇ ਇੱਕ ਪਾਸੇ ਉਸਦੀ ਟੋਪੀ ਅਤੇ ਦਸਤਾਨੇ ਪਏ ਸਨ, ਤੇ ਉਸਦੀ ਕੁਰਸੀ ਦੀ ਪਿੱਠ ਨਾਲ਼ ਲੱਗ ਕੇ ਖੜ੍ਹੋਤਾ ਇੱਕ ਮੋਟਾ ਸਾਰਾ ਡੰਡਾ ਸੀ, ਜਿਸਦਾ ਇੱਕ ਸਿਰਾ ਜੜ੍ਹ ਹੋਣ ਕਾਰਨ ਫੁੱਲਿਆ ਹੋਇਆ ਸੀ।

ਸੋ ਉਹ ਬੈਠਾ ਹੋਇਆ ਖਾਣ-ਪੀਣ ਦਾ ਸਵਾਦ ਮਾਣ ਰਿਹਾ ਸੀ, ਤੇ ਅਜੇ ਉਹ ਹੋਰ ਵੋਦਕਾ ਮੰਗਣ ਹੀ ਲੱਗਾ ਸੀ ਕਿ ਖੜਾਕ ਕਰਦਾ ਹੋਇਆ ਬੂਹਾ ਖੁੱਲਿਆ, ਤੇ ਚਿਥੜਿਆਂ ਵਿੱਚ ਲਿਪਟੀ ਹੋਈ ਕੋਈ ਗੋਲ਼ ਜਿਹੀ ਚੀਜ਼ ਰਿੜਦੀ ਹੋਈ ਸ਼ਰਾਬਖ਼ਾਨੇ ਵਿੱਚ ਆਈ ਜੋ ਕਿਸ਼ਤੀ ਖਿਚਣ ਵਾਲ਼ੇ ਰੱਸੇ ਦਾ ਗੋਲ਼ਾ ਲਗਦੀ ਸੀ, ਜਿਸਨੂੰ ਖੋਲਣ ਲਈ ਰੇੜ੍ਹਿਆ ਗਿਆ ਹੋਵੇ।

"ਉਏ ! ਚੌਕਸ ਹੋ ਜਾਓ ਲੋਕੋ ! ਪੁਲਿਸ ਦਾ ਛਾਪਾ ਪਿਆ ਏ।" ਉਸ ਨੇ ਬੱਚਿਆਂ ਵਰਗੀ ਤਿੱਖੀ, ਜੋਸ਼ ਭਰੀ ਅਵਾਜ਼ ਵਿੱਚ ਕਿਹਾ।

ਚਾਣਚੱਕ ਸਾਰੇ ਆਦਮੀਂ ਚੁੱਪ ਹੋ ਗਏ ਤੇ ਫੇਰ ਕਿਸੇ ਉਤਸੁਕਤਾ ਵਿੱਚ ਆਪਸ ਵਿੱਚ ਗੱਲਾਂ ਕਰਨ ਲੱਗੇ, ਤੇ ਕੁੱਝ ਬੰਦਿਆਂ ਨੇ ਘਬਰਾਹਟ ਭਰੀਆਂ, ਬੈਠੀਆਂ ਹੋਈਆਂ ਅਵਾਜ਼ਾਂ ਵਿੱਚ ਸਵਾਲ ਪੁੱਛੇ :

"ਕੀ ਮਤਲਬ ਏ ਤੇਰਾ ?"

"ਉਹ ਦੋਵਾਂ ਪਾਸਿਆਂ ਤੋਂ ਆ ਰਹੇ ਨੇ। ਘੋੜਿਆਂ 'ਤੇ ਸਵਾਰ ਹੋਕੇ ਤੇ ਪੈਦਲ। ਦੋ ਅਫ਼ਸਰ ਤੇ ਕਈ ਸਿਪਾਹੀ।"



"ਕਿਸ ਦਾ ਪਿੱਛਾ ਕਰ ਰਹੇ ਨੇ ? ਸੁਣਿਆ ਏ ਕੁੱਝ ?"

"ਮੇਰੀ ਜਾਂਚੇ ਸੇਮਾਗਾ ਦਾ। ਉਹਨਾਂ ਨਿਕੀਫ਼ੋਰਿਚ ਕੋਲ਼ੋਂ ਉਹਦੇ ਬਾਰੇ ਪੁੱਛਿਆ ਸੀ।" ਬਚਕਾਨਾ ਅਵਾਜ਼ ਨੇ ਸੁਰ ਵਿੱਚ ਜਵਾਬ ਦਿੱਤਾ ਤੇ ਇਸਦੇ ਨਾਲ਼ ਹੀ ਉਹ ਖਿੰਦੋ ਜਿਹੀ ਅਕ੍ਰਿਤੀ, ਜਿਸਦੀ ਕਿ ਇਹ ਅਵਾਜ਼ ਸੀ, ਸ਼ਰਾਬਖ਼ਾਨੇ ਦੇ ਮਾਲਕ ਵੱਲ ਚਲੀ ਗਈ।

"ਕੀ ਨਿਕੀਫ਼ੋਰਿਚ ਨੂੰ ਫੜ ਲਿਆ ਏ ਉਹਨਾਂ ਨੇ ?" ਸੇਮਾਗਾ ਨੇ ਪੁੱਛਿਆ ਤੇ ਆਪਣੀ ਟੋਪੀ ਆਪਣੇ ਉਲ਼ਝੇ ਹੋਏ ਵਾਲ਼ਾਂ ਉੱਤੇ ਰੱਖਦਿਆਂ, ਬਿਨਾਂ ਕਿਸੇ ਕਾਹਲ ਦੇ ਉੱਠਿਆ।

"ਹਾਂ, ਫੜ ਲਿਆ ਏ।"

"ਕਿੱਥੇ ?"

"ਚਾਚੀ ਮਾਰੀਆ ਦੇ, ਸਤੇਨਕਾ ਸੜਕ 'ਤੇ।"

"ਤੂੰ ਉਥੋਂ ਆਇਆ ਏਂ ?"

"ਹਾਂ, ਮੈਂ ਬਾਗ਼ ਦੀ ਵਾੜ ਟੱਪ ਕੇ ਭੱਜਾ ਹੋਇਆ ਏਥੇ ਆਇਆ ਹਾਂ, ਤੇ ਹੁਣ ਮੈਂ 'ਬਰਜਾ' ਸ਼ਰਾਬਖ਼ਾਨੇ ਵੱਲ ਜਾ ਰਿਹਾ ਹਾਂ। ਉਹਨਾਂ ਨੂੰ ਵੀ ਜਾ ਕੇ ਦੱਸਣਾ ਪੈਣੈ।"

"ਤਾਂ ਭੱਜ ਜਾ ਹੁਣੇ।"

ਮੁੰਡਾ ਅੱਖ ਦੇ ਫੋਰ ਵਿੱਚ ਸ਼ਰਾਬਖ਼ਾਨੇ ਵਿੱਚੋਂ ਬਾਹਰ ਨਿੱਕਲਿਆ। ਉਸ ਦੇ ਜਾਣ ਉੱਤੇ ਬੂਹਾ ਬੰਦ ਹੋਇਆ ਹੀ ਸੀ ਕਿ ਸ਼ਰਾਬਖ਼ਾਨੇ ਦੇ ਮਾਲਕ, ਮਾੜੂਏ ਜਹੇ ਬੁੱਢੇ, ਇਓਨਾ ਪਿਤਰੋਵਿਚ ਨੇ ਉਸਨੂੰ ਅਵਾਜ਼ ਮਾਰੀ। ਉਹ ਰੱਬ ਦਾ ਖ਼ੌਫ ਖਾਣ ਵਾਲ਼ਾ ਬੰਦਾ ਸੀ, ਜਿਸਨੇ ਵੱਡੀ ਸਾਰੀ ਐਨਕ ਲਾਈ ਹੋਈ ਸੀ।

"ਉਏ, ਸ਼ੈਤਾਨ ਦਿਆ ਪੁੱਤਰਾ। ਇਹ ਕੀ ਕੀਤਾ ਏ ਤੂੰ ? ਪੂਰੀ ਦੀ ਪੂਰੀ ਪਲੇਟ ਚੱਟ ਕਰ ਗਿਆ ਏਂ!"

"ਕਿਹੜੀ ਪਲੇਟ ?" ਸੇਮਾਗਾ ਨੇ ਪੁੱਛਿਆ, ਜੋ ਬੂਹੇ ਵੱਲ ਜਾ ਰਿਹਾ ਸੀ।



"ਜਿਗਰ ਦੀ, ਪੂਰੀ ਦੀ ਪੂਰੀ ਸਾਫ਼ ਕਰ ਗਿਆ। ਪਤਾ ਨਹੀਂ ਏਨੀ ਛੇਤੀ ਕਿਵੇਂ ਖਾ ਗਿਆ ਸਾਰਾ ਮਾਸ। ਹਰਾਮੀਂ ਕਿਤੋਂ ਦਾ।"

"ਤਾਂ ਤੂੰ ਕੰਗਾਲ ਤਾਂ ਨਹੀਂ ਹੋ ਗਿਆ ? ਖਾ ਗਿਆ ਤਾਂ ਕੀ ਹੋਇਆ ?" ਸੇਮਾਗਾ ਨੇ ਬੂਹੇ ਵਿੱਚੋਂ ਬਾਹਰ ਨਿੱਕਲ਼ਦਿਆਂ ਰੁੱਖੇ ਲਹਿਜੇ ਵਿੱਚ ਕਿਹਾ।

ਸਿੱਲੀ ਹਵਾ ਸ਼ੂਕਦੀ ਹੋਈ, ਘੁੰਮਣ-ਘੇਰੀਆਂ ਖਾਂਦੀ, ਸੜਕ ਉੱਤੋਂ ਦੀ ਲੰਘਦੀ ਹੋਈ ਗੂੰਜ ਰਹੀ ਸੀ, ਤੇ ਉਹ ਕਿਸੇ ਉੱਬਲ਼ਦੇ ਹੋਏ ਦਲ਼ੀਏ ਵਾਂਗ ਸੀ, ਜਿਸ ਵਿੱਚੋਂ ਸੰਘਣੇ ਬਰਫ਼ ਦੇ ਗੜ੍ਹੇ ਥੱਲੇ ਡਿੱਗ ਰਹੇ ਸਨ।

ਸੇਮਾਗਾ ਨੇ ਇੱਕ ਬਿੰਦ ਖੜੋ ਕੇ ਸੁਣਨ ਦਾ ਯਤਨ ਕੀਤਾ, ਪਰ ਹਵਾ ਦੀ ਸ਼ੂਕਰ, ਤੇ ਘਰ ਦੀਆਂ ਕੰਧਾਂ ਅਤੇ ਛੱਤਾਂ ਉੱਤੇ ਡਿੱਘ ਰਹੀ ਬਰਫ਼ ਦੀ ਸਰਸਰਾਹਟ ਤੋਂ ਛੁੱਟ ਕੁੱਝ ਵੀ ਸੁਣਾਈ ਨਾ ਦਿੱਤਾ।

ਉਹ ਤੁਰ ਪਿਆ ਤੇ ਹਾਲੇ ਉਹ ਦਸ ਕੁ ਕਦਮ ਹੀ ਅੱਗੇ ਵਧਿਆ ਸੀ ਕਿ ਇੱਕ ਵਾੜ ਟੱਪ ਕੇ ਕਿਸੇ ਦੇ ਘਰ ਦੇ ਪਿਛਵਾੜੇ ਵਾਲ਼ੇ ਬਾਗ਼ ਵਿੱਚ ਚਲਾ ਗਿਆ।

ਇੱਕ ਕੁੱਤਾ ਭੌਂਕਿਆ ਤੇ ਜਵਾਬ ਵਿੱਚ ਇੱਕ ਘੋੜਾ ਹਿਣਕਿਆ ਤੇ ਉਸ ਨੇ ਆਪਣੇ ਸੁੰਮ ਫ਼ਰਸ਼ 'ਤੇ ਮਾਰੇ। ਸੇਮਾਗਾ ਕਾਹਲੀ ਨਾਲ਼ ਮੁੜ ਵਾੜ ਟੱਪ ਕੇ ਸੜਕ 'ਤੇ ਆਇਆ ਤੇ ਤਿੱਖੀ ਚਾਲੇ ਸ਼ਹਿਰ ਦੇ ਵਿਚਕਾਰਲੇ ਹਿੱਸੇ ਵੱਲ ਤੁਰ ਪਿਆ।

ਕੁੱਝ ਮਿੰਟਾਂ ਪਿੱਛੋਂ ਉਸਨੇ ਸਾਹਮਣਿਓਂ ਕੋਈ ਅਵਾਜ਼ ਸੁਣੀ ਤਾਂ ਉਹ ਇੱਕ ਹੋਰ ਵਾੜ ਟੱਪ ਕੇ ਸੜਕ ਦੇ ਦੂਜੇ ਪਾਸੇ ਚਲਾ ਗਿਆ। ਇਸ ਵਾਰ ਉਸਨੇ ਬਿਨਾਂ ਕਿਸੇ ਅੜਿੱਕੇ ਦੇ ਘਰ ਦਾ ਅਗਲਾ ਵਿਹੜਾ ਪਾਰ ਕੀਤਾ, ਖੁੱਲ੍ਹੇ ਹੋਏ ਫਾਟਕ ਵਿੱਚੋਂ ਦੀ ਹੋ ਕੇ ਬਾਗ਼ ਵਿੱਚ ਚਲਾ ਗਿਆ, ਉਥੋਂ ਕੁੱਝ ਹੋਰ ਵਾੜਾਂ ਟੱਪ ਕੇ ਹੋਰ ਕਈ ਬਾਗਾਂ ਵਿੱਚੋਂ ਹੁੰਦਾ ਹੋਇਆ ਅਖ਼ੀਰ ਉਸ ਸੜਕ ਉੱਤੇ ਤੁਰ ਪਿਆ ਜੋ ਉਸ ਸੜਕ ਦੇ

ਸਮਾਂਤਰ ਜਾ ਰਹੀ ਸੀ, ਜਿਸ ਉੱਤੇ ਕਿ ਇਓਨਾ ਪੇਤਰੋਵਿਚ ਦਾ ਸ਼ਰਾਬਖ਼ਾਨਾ ਸੀ।

ਤੁਰਦਿਆਂ ਉਸ ਨੇ ਕਿਸੇ ਸੁਰੱਖਿਅਤ ਥਾਂ ਬਾਰੇ ਸੋਚਿਆ, ਤਾਂ ਜੋ ਉਥੇ ਜਾ ਕੇ ਲੁਕ ਸਕੇ। ਪਰ ਅਜਿਹੀ ਕੋਈ ਥਾਂ ਉਸ ਦੇ ਧਿਆਨ ਵਿੱਚ ਨਾ ਆਈ।

ਸਾਰੀਆਂ ਸੁਰੱਖਿਅਤ ਥਾਵਾਂ ਹੁਣ ਸੁਰੱਖਿਅਤ ਨਹੀਂ ਸਨ ਰਹੀਆਂ, ਕਿਉਂਕਿ ਪੁਲਿਸ ਨੇ ਉਹਨਾਂ ਸਾਰੀਆਂ ਥਾਵਾਂ ਉੱਤੇ ਧਾਵਾ ਬੋਲਣ ਦਾ ਫੈਸਲਾ ਕਰ ਲਿਆ ਸੀ। ਸੋ ਅਜਿਹੇ ਝੱਖੜ-ਝਾਂਬੇ ਵਾਲ਼ੀ ਰਾਤ ਵਿੱਚ ਬਾਹਰ ਰਹਿਣਾ ਖ਼ਤਰੇ ਵਾਲ਼ੀ ਗੱਲ ਸੀ, ਜਦਕਿ ਪੁਲਿਸ ਭਗੌੜਿਆਂ ਦੀ ਫੜ-ਫੜਾਈ ਕਰ ਰਹੀ ਸੀ।



ਇਸ ਝੱਖੜ ਦੀ ਚਿੱਟੀ ਧੁੰਦ ਵਿੱਚੋਂ ਅਗਾਂਹ ਵੇਖਣ ਦਾ ਯਤਨ ਕਰਦਾ ਹੋਇਆ ਸਹਿਜੇ ਸਹਿਜੇ ਤੁਰਦਾ ਰਿਹਾ, ਜਿਸ ਵਿੱਚੋਂ ਕਿ ਬਿਨਾਂ ਕਿਸੇ ਅਵਾਜ਼ ਦੇ ਘਰ ਉੱਭਰ ਰਹੇ ਸਨ, ਖੰਭੇ, ਸੜਕਾਂ ਦੀਆਂ ਬੱਤੀਆਂ ਤੇ ਰੁੱਖ ਉੱਭਰ ਰਹੇ ਸਨ। ਹਰ ਚੀਜ਼ ਉੱਤੇ ਹੀ ਜਿਵੇਂ ਕੂਲ਼ੀ ਬਰਫ਼ ਦਾ ਪੋਚਾ ਟਿਕਿਆ ਹੋਇਆ ਸੀ।

ਝੱਖੜ ਦੇ ਰੌਲ਼ੇ ਵਿੱਚ ਉਸਨੇ ਇੱਕ ਅਜ਼ੀਬ ਜਿਹੀ ਅਵਾਜ਼ ਸੁਣੀ ਜੋ ਸਾਹਮਣਿਓਂ ਕਿਤੋਂ ਆ ਰਹੀ ਸੀ। ਉਹ ਕਿਸੇ ਬੱਚੇ ਦੇ ਨਿੰਮ੍ਹਾ ਨਿੰਮ੍ਹਾ ਰੋਣ ਵਰਗੀ ਅਵਾਜ਼ ਸੀ। ਉਹ ਖ਼ਤਰੇ ਦੇ ਅਹਿਸਾਸ ਵਿੱਚ, ਕਿਸੇ ਜੰਗਲ਼ੀ ਜਾਨਵਰ ਵਾਂਗ ਧੌਣ ਅਗਾਂਹ ਵੱਲ ਵਧਾਈ, ਇੱਕ ਥਾਂ ਰੁਕ ਗਿਆ।

ਉਹ ਅਵਾਜ਼ ਸੁਣਾਈ ਦੇਣੋ ਹਟ ਗਈ।

ਸੇਮਾਗਾ ਨੇ ਸਿਰ ਹਿਲਾਇਆ ਤੇ ਅਗਾਂਹ ਵਧਿਆ। ਉਸ ਨੇ ਆਪਣੀ ਟੋਪੀ ਅੱਖਾਂ ਉੱਤੇ ਖਿੱਚ ਲਈ ਸੀ, ਤੇ ਮੋਢੇ ਉਤਾਂਹ ਚੁੱਕ ਲਏ ਸਨ ਤਾਂ ਜੋ ਧੌਣ ਨੂੰ ਬਰਫ਼ ਤੋਂ ਬਚਾ ਸਕੇ।

ਉਸ ਨੇ ਫੇਰ ਉਹੋ ਰੋਣ ਦੀ ਅਵਾਜ਼ ਸੁਣੀ, ਤੇ ਇਸ ਵਾਰ ਇਹ ਉਸ ਦੇ ਪੈਰਾਂ ਥੱਲਿਓਂ ਆ ਰਹੀ ਪ੍ਰਤੀਤ ਹੋਈ। ਉਹ ਤ੍ਰਬਕਿਆ, ਰੁਕ ਗਿਆ, ਤੇ ਉਸ ਨੇ ਨੀਵਾਂ ਹੋ ਕੇ ਹੱਥਾਂ ਨਾਲ਼ ਧਰਤੀ ਨੂੰ ਟੋਹਿਆ। ਅਖ਼ੀਰ ਇੱਕ ਗੰਢ ਜਹੀ ਚੁੱਕ ਕੇ, ਉਸਨੇ ਉਸ ਉੱਤੋਂ ਬਰਫ਼ ਝਾੜੀ।

"ਸੁਹਣਾ ਮੇਲ਼ ਹੋਇਆ! ਇੱਕ ਬੱਚਾ!" ਉਸਨੇ ਬੱਚੇ ਵੱਲ ਵੇਖਦਿਆਂ ਆਪਣੇ ਆਪ ਨੂੰ ਕਿਹਾ।

ਉਹ ਨਿੱਘਾ ਸੀ, ਹੱਥ ਪੈਰ ਮਾਰ ਰਿਹਾ ਸੀ, ਤੇ ਪੰਘਰੀ ਹੋਈ ਬਰਫ਼ ਸਦਕਾ ਇਕਦਮ ਗਿੱਲਾ ਸੀ। ਉਸਦਾ ਚਿਹਰਾ, ਜੋ ਸੇਮਾਗਾ ਦੀ ਮੁੱਠ ਨਾਲ਼ੋਂ ਵੱਡਾ ਨਹੀਂ ਸੀ, ਲਾਲ ਅਤੇ ਸੂਹਾ ਸੀ ਤੇ ਝੁਰੜੀਆਂ ਨਾਲ਼ ਭਰਿਆ ਹੋਇਆ। ਉਸ ਦੀਆਂ ਅੱਖਾਂ ਬੰਦ ਸਨ, ਤੇ ਉਸ ਦਾ ਨਿੱਕਾ ਜਿਹਾ ਮੂੰਹ ਵਾਰ-ਵਾਰ ਖੁੱਲ੍ਹ ਰਿਹਾ ਸੀ ਤੇ ਉਸ ਵਿੱਚੋਂ ਕਿਸੇ ਚੀਜ਼ ਨੂੰ ਚੂਸਣ ਦੀ ਅਵਾਜ਼ ਆ ਰਹੀ ਸੀ। ਉਸਦੇ ਦੁਆਲ਼ੇ ਲਪੇਟੇ ਚਿਥੜਿਆਂ ਵਿੱਚੋਂ ਪਾਣੀ ਚੋ-ਚੋ ਕੇ ਉਸ ਦੇ ਨਿੱਕੇ ਜਹੇ ਦੰਦ-ਵਿਹੂਣੇ ਮੂੰਹ ਵਿੱਚ ਪੈ ਰਿਹਾ ਸੀ।

ਸੇਮਾਗਾ ਉਸ ਨੂੰ ਵੇਖ ਕੇ ਇੱਕ ਵਾਰ ਤਾਂ ਜਿਵੇਂ ਆਪਣੀ ਸੁੱਧ-ਬੁੱਧ ਭੁੱਲ ਗਿਆ ਸੀ, ਪਰ ਤਦੇ ਹੀ ਉਸਨੇ ਮਹਿਸੂਸ ਕੀਤਾ ਕਿ ਚਿਥੜਿਆਂ ਵਿੱਚੋਂ ਚੋ ਰਿਹਾ ਪਾਣੀ ਬੱਚੇ ਦੇ ਮੂੰਹ ਵਿੱਚ ਨਹੀਂ ਪੈਣਾ ਚਾਹੀਦਾ। ਸੋ ਉਸਨੇ ਬੱਚੇ ਨੂੰ ਫੜ ਕੇ ਝਟਕਿਆ।

ਇਹ ਗੱਲ ਬੱਚੇ ਨੂੰ ਪਸੰਦ ਨਹੀਂ ਆਈ। ਉਹ ਰੋਣ ਲੱਗਾ।

"ਚ — ਚ!" ਸੇਮਾਗਾ ਨੇ ਸਖ਼ਤੀ ਨਾਲ਼ ਕਿਹਾ, "ਚ — ਚ! ਜੇ ਰਤਾ ਜਿੰਨੀ ਵੀ ਅਵਾਜ਼ ਕੱਢੀ ਮੂੰਹੋਂ, ਤਾਂ ਭੁਗਤ ਸੁਆਰ ਕੇ ਰੱਖ ਦਿਆਂਗਾ ਤੇਰੀ, ਸੁਣਿਆ? ਜਿਵੇਂ ਤੇਰੇ ਬਿਨਾਂ ਮੇਰਾ ਝੱਟ ਨਹੀਂ ਸੀ ਟੱਪਦਾ! ਤੈਥੋਂ ਬਿਨਾਂ ਹੀ ਚੰਗਾ ਸਾਂ ਮੈਂ। ਤੇ ਤੂੰ ਏਂ ਕਿ ਰੋਈ ਜਾ ਰਿਹਾ ਏਂ, ਮੂਰਖ ਨਾ ਹੋਵੇ ਤਾਂ।"

ਪਰ ਸੇਮਾਗਾ ਦੇ ਲਫ਼ਜ਼ਾਂ ਦਾ ਉਸ 'ਤੇ ਰਤਾ ਜਿੰਨਾ ਵੀ ਅਸਰ ਨਾ ਹੋਇਆ, ਤੇ ਉਹ ਹੌਲ਼ੀ ਅਵਾਜ਼ ਵਿੱਚ ਸਹਿਜੇ ਸਹਿਜੇ ਰੋਈ ਜਾਂਦਾ ਸੀ।

"ਹੁਣ ਚੁੱਪ ਵੀ ਕਰੇਗਾਂ? ਇੰਜ ਰੋਣਾ ਠੀਕ ਨਹੀਂ ਏ। ਮੈਨੂੰ ਪਤੈ, ਤੈਨੂੰ ਠੰਢ ਲੱਗ ਰਹੀ ਏ ਤੇ ਤੂੰ ਗਿੱਲਾ ਏਂ, ਪਰ ਮੈਂ ਕੀ ਕਰ ਸਕਦਾ ਹਾਂ ਇਸ ਵਿੱਚ?"

ਬੱਚਾ ਹਾਲੇ ਵੀ ਰੋਈ ਜਾ ਰਿਹਾ ਸੀ।

"ਤੇਰਾ ਕੋਈ ਇਲਾਜ ਨਹੀਂ ਏ ਮੇਰੇ ਕੋਲ਼," ਸੇਮਾਗਾ ਨੇ ਗੱਲ ਮੁਕਾਉਂਦਿਆ ਕਿਹਾ, ਤੇ ਬੱਚੇ ਦੁਆਲ਼ੇ ਚਿਥੜਿਆਂ ਨੂੰ ਲਪੇਟਦਿਆਂ ਉਸਨੂੰ ਮੁੜ ਥੱਲੇ ਲਿਟਾ ਦਿੱਤਾ।

"ਮੈਂ ਬੇਵੱਸ ਹਾਂ। ਤੂੰ ਆਪ ਹੀ ਵੇਖ ਸਕਦਾ ਏਂ ਕਿ ਮੈਂ ਕੁੱਝ ਨਹੀਂ ਕਰ ਸਕਦਾ ਹਾਂ। ਮੇਰੀ ਤਾਂ ਆਪ ਭੈੜੀ ਹਾਲਤ ਏ। ਸੋ ਅਲਵਿਦਾ, ਮੈਂ ਚਲਦਾ ਹਾਂ।"

ਤੇ ਹੱਥ ਹਿਲਾ ਕੇ ਸੇਮਾਗਾ ਇਹ ਕਹਿੰਦਾ ਹੋਇਆ ਅਗਾਂਹ ਤੁਰ ਪਿਆ :

"ਜੇ ਕਿਤੇ ਛਾਪਾ ਨਾ ਪੈ ਰਿਹਾ ਹੁੰਦਾ ਤਾਂ ਸ਼ਾਇਦ ਮੈਂ ਤੇਰੇ ਲਈ ਕੋਈ ਥਾਂ ਲੱਭ ਲੈਂਦਾ, ਜਿੱਥੇ ਤੂੰ ਅਰਾਮ ਨਾਲ਼ ਸੌਂ ਸਕਦਾ। ਪਰ ਇਸ ਛਾਪੇ ਦਾ ਮੈਂ ਕੀ ਕਰ ਸਕਦਾ ਹਾਂ? ਕੁੱਝ ਵੀ ਨਹੀਂ। ਦੋਸਤਾ, ਮੈਨੂੰ ਮਾਫ਼ ਕਰੀਂ। ਤੇਰੀ ਮਾਂ ਕੋਈ ਚੁੜੇਲ ਹੋਣੀ ਏ, ਜੋ ਤੈਨੂੰ ਇੰਝ ਛੱਡ ਗਈ ਏ, ਲੁੱਚੀਏ ਜੇ ਕਿਤੇ ਮੈਨੂੰ ਤੇਰਾ ਪਤਾ ਲੱਗ ਜਾਏ ਤਾਂ ਤੇਰਾ ਬੂਥਾ ਭੰਨ ਦਿਆਂ। ਡੈਣ ਕਿਸੇ ਜ਼ਮਾਨੇ ਦੀ! ਰੱਬ ਦੀ ਲਾਹਣਤ ਪਵੇ ਤੇਰੇ 'ਤੇ!

ਰੁਲ਼-ਰੁਲ਼ ਕੇ ਮਰੇਂ। ਧਰਤੀ ਥਾਂ ਨਾ ਦਏ ਤੈਨੂੰ। ਕਿਤੇ ਹੱਥ ਆ ਜਾਏਂ ਤਾਂ ਇੱਕ ਵਾਰ ਤਾਂ ਅਜਿਹਾ ਕੁਟਾਪਾ ਚਾੜ੍ਹਾਂ ਤੈਨੂੰ ਕਿ ਪਤਾ ਲੱਗ ਜਾਏ, ਬੱਚੇ ਕਿੰਝ ਜਣੀਦੇ ਨੇ ਤੇ ਕਿੰਝ ਸੜਕਾਂ 'ਤੇ ਸੁੱਟ ਛੱਡੀਦੇ ਨੇ। ਤੈਨੂੰ ਵਾਲ਼ਾਂ ਤੋਂ ਫੜ ਕੇ ਘੜੀਸਾਂ। ਹਾਂ, ਇੰਝ ਜਰੂਰ ਕਰਾਂ! ਭਲਾਂ ਤੈਨੂੰ ਪਤਾ ਨਹੀਂ ਕਿ ਅਜਿਹੇ ਝੱਖੜ ਵਿੱਚ ਬੱਚਿਆਂ ਨੂੰ ਇੰਝ ਬਰਫ਼ 'ਤੇ ਨਹੀਂ ਸੁੱਟ ਛੱਡਣਾ ਚਾਹੀਦਾ? ਉਹ ਕਮਜ਼ੋਰ ਤੇ ਬੇਸਹਾਰਾ ਹੁੰਦੇ ਨੇ ਤੇ ਬਰਫ਼ ਵਿੱਚ ਜੰਮ ਕੇ ਮਰ ਸਕਦੇ ਨੇ। ਬੱਚੇ ਨੂੰ ਸੁੱਟਣਾ ਈ ਏਂ ਤਾਂ ਕੋਈ ਚੰਗੀ ਰਾਤ ਚੁਣਨੀ ਚਾਹੀਦੀ ਏ, ਜਦ ਬਰਫ਼ ਨਾ ਪੈ ਰਹੀ ਹੋਵੇ। ਉਸ ਹਾਲਤ ਵਿੱਚ ਬੱਚਾ ਵਧੇਰੇ ਚਿਰ ਜੀ ਸਕਦਾ ਏ, ਤੇ ਨਾਲ਼ੇ ਉਹ ਸਹਿਜੇ ਹੀ ਕਿਸੇ ਦੇ ਹੱਥ ਆ ਸਕਦਾ ਏ। ਭਲਾ ਅਜਿਹੀ ਰਾਤੇ ਕੋਈ ਤੇਰੇ ਬੱਚੇ ਨੂੰ ਲੱਭਣ ਨਿੱਕਲ਼ੇਗਾ?

ਇੰਝ ਸੋਚਦਿਆਂ ਸੇਮਾਗਾ ਮੁੜ ਬੱਚੇ ਕੋਲ਼ ਗਿਆ ਤੇ ਉਸ ਨੂੰ ਪਤਾ ਹੀ ਨਾ ਲੱਗਾ, ਕਦੋਂ ਉਸਨੇ ਬੱਚੇ ਨੂੰ ਚੁੱਕ ਲਿਆ, ਕਿਉਂਕਿ ਉਹ ਉਸਦੀ ਮਾਂ ਨਾਲ਼ ਗੱਲਾਂ ਕਰਨ ਵਿੱਚ ਲੋੜੋਂ ਵੱਧ ਰੁੱਝਾ ਹੋਇਆ ਸੀ। ਸੋ ਉਸਨੂੰ ਚੁੱਕ ਕੇ ਤੇ ਆਪਣੇ ਕੋਟ ਅੰਦਰ ਵਾੜ ਕੇ, ਉਸਨੇ ਬੱਚੇ ਨੂੰ ਆਪਣੇ ਨਾਲ਼ ਲਾ ਲਿਆ ਤੇ ਉਸਦੀ ਮਾਂ 'ਤੇ ਅੰਤਲੀ ਵਾਰ ਵਰ੍ਹ ਕੇ, ਬੋਝਲ ਦਿਲ ਨਾਲ਼ ਅੱਗੇ ਤੁਰ ਪਿਆ। ਉਸਦੀ ਹਾਲਤ ਉਸ ਬੱਚੇ ਵਰਗੀ ਹੀ ਤਰਸਯੋਗ ਸੀ, ਜਿਸ ਉੱਤੇ ਕਿ ਉਸਨੂੰ ਤਰਸ ਆ ਰਿਹਾ ਸੀ।

ਬੱਚੇ ਨੇ ਕਮਜ਼ੋਰੀ ਵਿੱਚ ਹੱਥ-ਪੈਰ ਮਾਰੇ ਤੇ ਨਿੰਮ੍ਹੀ ਜਿਹੀ ਅਵਾਜ਼ ਵਿੱਚ ਰੋਣ ਲੱਗਾ, ਪਰ ਸੇਮਾਗਾ ਦੇ ਵੱਡੇ ਸਾਰੇ ਹੱਥ ਥੱਲਿਓਂ ਤੇ ਉਸ ਦੇ ਬੋਝਲ ਕੋਟ ਵਿੱਚੋਂ ਉਸਦੀ ਅਵਾਜ਼ ਬਾਹਰ ਨਹੀਂ ਨਿੱਕਲ਼ੀ। ਕੋਟ ਦੇ ਥੱਲੇ ਸੇਮਾਗਾ ਨੇ ਬੱਸ ਇੱਕ ਪਾਟੀ ਹੋਈ ਕਮੀਜ਼ ਹੀ ਪਾਈ ਹੋਈ ਸੀ, ਸੋ ਛੇਤੀ ਹੀ ਉਹ ਬੱਚੇ ਦੇ ਨਿੱਕੇ ਜਹੇ ਸਰੀਰ ਦਾ ਨਿੱਘ ਮਹਿਸੂਸ ਕਰਨ ਲੱਗਾ।

ਬਰਫ਼ ਵਿੱਚੋਂ ਅਗਾਂਹ ਵਧਦਿਆਂ ਸੇਮਾਗਾ ਬੱਚੇ ਨਾਲ਼ ਗੱਲਾਂ ਕਰਨ ਲੱਗਾ। "ਤੇਰੀ ਹਾਲਤ ਚੋਖੀ ਭੈੜੀ ਜਾਪਦੀ ਏ। ਸੋ ਹੁਣ ਮੈਨੂੰ ਕੀ ਕਰਨਾ ਚਾਹੀਦਾ ਏ? ਤੂੰ ਹੀ ਦੱਸ। ਹਾਂ, ਜਿੱਥੋਂ ਤੱਕ ਤੇਰੀ ਮਾਂ ਦਾ ਸਵਾਲ ਏ — ਹੁਣ ਚੁੱਪ ਵੀ ਕਰੇਂਗਾ। ਹੱਥ-ਪੈਰ ਮਾਰੀ ਜਾ ਰਿਹਾਂ ਏਂ, ਜੇ ਡਿੱਗ ਪਿਆ ਤਾਂ?"

ਪਰ ਬੱਚਾ ਹੱਥ-ਪੈਰ ਮਾਰਦਾ ਰਿਹਾ ਤੇ ਸੇਮਾਗਾ ਨੇ ਮਹਿਸੂਸ ਕੀਤਾ ਕਿ ਉਸਦਾ ਨਿੱਘਾ ਚਿਹਰਾ ਉਸਦੀ ਕਮੀਜ਼ ਦੇ ਛੇਕ ਵਿੱਚੋਂ ਉਸਦੀ ਛਾਤੀ ਨਾਲ਼ ਲੱਗਾ ਹੋਇਆ ਹਿੱਲਜੁੱਲ ਰਿਹਾ ਸੀ।

ਚਾਣਚੱਕ ਸੇਮਾਗਾ ਨੂੰ ਜਿਵੇਂ ਕਾਠ ਮਾਰ ਗਿਆ ਤੇ ਉਸ ਨੇ ਉਥੇ ਹੀ ਖੜੋ ਕੇ ਉੱਚੀ ਅਵਾਜ਼ ਵਿੱਚ ਕਿਹਾ :

"ਇਹ ਤਾਂ ਮਾਂ ਦਾ ਦੁੱਧ ਚੁੰਘਣਾ ਚਾਹੁੰਦਾ ਏ। ਆਪਣੀ ਮਾਂ ਦਾ ਦੁੱਧ! ਉਹ ਰੱਬਾ! ਆਪਣੀ ਮਾਂ ਦਾ ਦੁੱਧ!"

ਤੇ ਸੇਮਾਗਾ ਦਾ ਸਾਰਾ ਸਰੀਰ ਕੰਬਣ ਲੱਗਾ — ਸ਼ਾਇਦ ਸ਼ਰਮ ਕਰਕੇ, ਜਾਂ ਸ਼ਾਇਦ ਡਰ ਕਰਕੇ — ਉਹ ਇੱਕ ਅਜੀਬ ਜਿਹਾ, ਓਪਰਾ ਜਿਹਾ, ਜਜ਼ਬਾ ਸੀ, ਬੜਾ ਤਗੜਾ, ਪੀੜ ਭਰਿਆ ਤੇ ਦਿਲ ਨੂੰ

ਪਾੜ ਸੁੱਟਣ ਵਾਲ਼ਾ।

"ਇਹ ਮੈਨੂੰ ਆਪਣੀ ਮਾਂ ਸਮਝ ਰਿਹਾ ਏ! ਬੱਲੇ ਉਏ, ਚੂਹਿਆ! ਭਲਾਂ ਮੈਥੋਂ ਤੈਨੂੰ ਕੀ ਮਿਲਣਾ ਏਂ? ਤੇ ਇਹ ਕੀ ਕਰਦਾ ਪਿਆ ਏ ਮੇਰੇ ਨਾਲ਼? ਮੈਂ ਫੌਜੀ ਬੰਦਾ ਹਾਂ ਦੋਸਤਾ, ਤੇ ਇੱਕ ਚੋਰ ਹਾਂ; ਤੈਨੂੰ ਸੱਚੀ ਗੱਲ ਦੱਸ ਦਿੱਤੀ ਏ।"

ਹਵਾ ਬੇਤਹਾਸ਼ਾ ਸ਼ੂਕਦੀ ਹੋਈ ਵਗ ਰਹੀ ਸੀ।

"ਤੈਨੂੰ ਸੌਂ ਜਾਣਾ ਚਾਹੀਦਾ ਏ। ਸੋ ਸੌਂ ਜਾ ਹੁਣ। ਸੌਂ ਜਾ — ਸੌਂ ਜਾ ......। ਮੇਰੇ ਕੋਲ਼ ਦੁੱਧ ਦਾ ਇੱਕ ਤੁਪਕਾ ਵੀ ਨਹੀਂ ਮਿਲਣਾ। ਮੈਂ ਤੈਨੂੰ ਲੋਰੀ ਸੁਣਾਉਂਦਾ ਹਾਂ, ਪਰ ਅਸਲ ਵਿੱਚ ਇਹ ਤੇਰੀ ਮਾਂ ਦਾ ਕੰਮ ਏ। ਹਾਂ, ਸੌਂ ਜਾ। ਸੌਂ ਜਾ, ਪਿਆਰੇ, ਸੌਂ ਜਾ। ਮੈਂ ਕੋਈ ਆਯਾ (ਖਿਡਾਵੀ) ਨਹੀਂ ਹਾਂ। ਸੌਂ ਜਾ।

ਤੇ ਚਾਣਚੱਕ ਸੇਮਾਗਾ ਨੇ ਬੱਚੇ ਉੱਤੇ ਆਪਣਾ ਚਿਹਰਾ ਝੁਕਾ ਕੇ ਲੰਮੀ ਕੂਲ਼ੀ ਅਵਾਜ਼ ਵਿੱਚ ਗਾਉਣਾ ਸ਼ੁਰੂ ਕਰ ਦਿੱਤਾ :

ਤੂੰ ਇੱਕ ਬੇਵਫ਼ਾ ਦਿਲ ਨੂੰ ਜਰਾ ਨਾ ਭਾਏਂ
ਕਰੇ ਕਿਹੜੀ ਗੱਲੋਂ ਕੋਈ ਤੈਨੂੰ ਪਿਆਰ!

ਇਹ ਗੀਤ ਉਹ ਕਿਸੇ ਲੋਰੀ ਦੀ ਧੁਨ 'ਤੇ ਗਾ ਰਿਹਾ ਸੀ।

ਦੁੱਧ-ਚਿੱਟੀ ਧੁੰਦ ਚੁਫੇਰੇ ਫੈਲਦੀ ਜਾ ਰਹੀ ਸੀ, ਤੇ ਸੇਮਾਗਾ ਬੱਚੇ ਨੂੰ ਆਪਣੇ ਕੋਟ ਅੰਦਰ ਚੁੱਕੀ ਤੁਰਿਆ ਜਾ ਰਿਹਾ ਸੀ। ਬੱਚਾ ਰੋਈ ਜਾ ਰਿਹਾ ਸੀ ਤੇ ਸੇਮਾਗਾ ਬੜੀ ਨਰਮੀਂ ਨਾਲ਼ ਡਾਕੂਆਂ ਵਾਲ਼ਾ ਗੀਤ ਗਾ ਰਿਹਾ ਸੀ :

ਮੈਂ ਆਵਾਂਗਾ ਇੱਕ ਸੁਹਾਣੀ ਰਾਤ,
ਤੇ ਕਰਾਂਗਾ ਤੇਰੇ ਨਾਲ਼ ਗੱਲਬਾਤ।
ਤੇ ਜਦ ਮੈਂ ਵਾਪਸ ਜਾਵਾਂਗਾ,
ਡਰ ਲੱਗਣਾ ਏ ਤੈਨੂੰ ਕੱਲੀ ਨੂੰ।

ਤੇ ਜਦ ਉਸਦੀਆਂ ਗੱਲ੍ਹਾਂ 'ਤੇ ਪਾਣੀ ਦੇ ਤੁਪਕੇ ਚੋ ਰਹੇ ਸਨ, ਜੋ ਪੰਘਰੀ ਹੋਈ ਬਰਫ਼ ਦਾ ਪਾਣੀ ਹੋਣਾ ਏ। ਥੋੜੇ-ਥੋੜੇ ਚਿਰ ਪਿੱਛੋਂ ਉਸਨੂੰ ਕੰਬਣੀ ਜਿਹੀ ਛਿੜਦੀ, ਉਸਦੇ ਸੰਘ ਵਿੱਚ ਜਿਵੇਂ ਕੋਈ ਚੀਜ਼ ਫਸੀ ਹੋਈ ਸੀ ਤੇ ਉਸਦਾ ਦਿਲ ਕਿਸੇ ਭਾਰ ਥੱਲੇ ਦੱਬਿਆ ਹੋਇਆ ਸੀ। ਉਸਨੂੰ ਕਦੇ ਇਹੋ ਜਿਹੀ

ਸੁੰਨਸਾਨ ਮਹਿਸੂਸ ਨਹੀਂ ਸੀ ਹੋਈ, ਜਿਹੋ ਜਿਹੀ ਉਹ ਝੱਖੜ ਵਿੱਚ, ਰੋਂਦੇ ਹੋਏ ਬੱਚੇ ਨੂੰ ਆਪਣੇ ਕੋਟ ਅੰਦਰ ਲੁਕਾਈ, ਸੁੰਨਸਾਨ ਸੜਕ 'ਤੇ ਤੁਰਿਆ ਜਾ ਰਿਹਾ ਮਹਿਸੂਸ ਕਰ ਰਿਹਾ ਸੀ।

ਪਰ ਉਹ ਤੁਰਦਾ ਰਿਹਾ।

ਆਪਣੇ ਪਿੱਛੇ ਉਸਨੂੰ ਘੋੜਿਆਂ ਦੇ ਸੁੰਮਾਂ ਦੀਆਂ ਮੱਧਮ ਜਿਹੀਆਂ ਅਵਾਜ਼ਾਂ ਸੁਣਾਈ ਦਿੱਤੀਆਂ। ਫੇਰ ਘੋੜਿਆਂ 'ਤੇ ਸਵਾਰ ਹੋਏ ਸਿਪਾਹੀਆਂ ਦੇ ਪਰਛਾਵੇਂ ਜਿਹੇ ਦਿਸੇ, ਜੋ ਕੁੱਝ ਚਿਰ ਵਿੱਚ ਹੀ ਉਸਦੇ ਕੋਲ਼ ਆ ਕੇ ਰੁਕ ਗਏ।

ਇੱਕੋ ਸਮੇਂ ਦੋ ਅਵਾਜ਼ਾਂ ਨੇ ਪੁਛਿਆ :

"ਕੌਣ ਏ ?"

"ਕੀ ਨਾਂ ਏ ਤੇਰਾ ?"

"ਇਹ ਕੀ ਚੁੱਕਿਆ ਹੋਇਆ ਏ ? ਵਿਖਾ !" ਇੱਕ ਸਿਪਾਹੀ ਨੇ ਕਿਹਾ ਤੇ ਘੋੜਾ ਬਿਲਕੁਲ ਉਸਦੇ ਨੇੜੇ ਲੈ ਆਂਦਾ।



"ਇਹ ? ਇਹ ਤਾਂ ਇੱਕ ਬੱਚਾ ਏ।"

"ਤੇਰਾ ਨਾਂ ?"

"ਸੇਮਾਗਾ — ਅਖ਼ਤੀਰ ਤੋਂ"

"ਓਹੋ ! ਤੈਨੂੰ ਹੀ ਤਾਂ ਲੱਭ ਰਹੇ ਸਾਂ। ਚੱਲੋ ਮੇਰੇ ਘੋੜੇ ਦੇ ਅੱਗੇ-ਅੱਗੇ ਤੁਰ ਪਓ।"

"ਸਾਨੂੰ ਘੋੜਿਆਂ ਦੇ ਵਿਚਕਾਰ, ਓਟ ਵਿੱਚ ਤੁਰ ਲੈਣ ਦਿਓ। ਓਟ ਵਿੱਚ ਹਵਾ ਇੰਨੀ ਤਿੱਖੀ ਨਹੀਂ ਜਾਪਣੀ। ਨਹੀਂ ਤਾਂ ਅਸੀਂ ਠੰਢ 'ਚ ਆਕੜ ਕੇ ਮਰ ਜਾਵਾਂਗੇ।," ਸੇਮਾਗਾ ਨੇ ਕਿਹਾ।

ਸਿਪਾਹੀ ਨੇ ਉਸਦੀ ਗੱਲ ਪੂਰੀ ਤਰ੍ਹਾਂ ਨਹੀਂ ਸਮਝੀ, ਪਰ ਉਹਨਾਂ ਉਸਨੂੰ ਘੋੜਿਆਂ ਦੇ ਵਿਚਕਾਰ ਤੁਰ ਲੈਣ ਦਿੱਤਾ। ਉਹਨਾਂ ਘੋੜੇ ਇੱਕ-ਦੂਜੇ ਦੇ ਨੇੜੇ ਕਰ ਲਏ ਤੇ ਸੇਮਾਗਾ 'ਤੇ ਨਜ਼ਰਾਂ ਗੱਡੀ ਰੱਖੀਆਂ।

ਸੇਮਾਗਾ ਉਹਨਾਂ ਵਿਚਕਾਰ ਤੁਰਦਾ ਹੋਇਆ ਪੁਲਿਸ ਸਟੇਸ਼ਨ ਪੁੱਜਾ।

"ਤਾਂ ਇਸਨੂੰ ਫੜ ਲਿਆ ਤੁਸੀਂ ? ਬਹੁਤ ਸੋਹਣਾ ਕੀਤਾ।," ਪੁਲਿਸ ਇੰਸਪੈਕਟਰ ਨੇ ਸਿਪਾਹੀਆਂ ਨੂੰ ਦਫ਼ਤਰ ਵਿੱਚ ਦਾਖ਼ਲ ਹੁੰਦਿਆਂ ਵੇਖ ਕੇ ਕਿਹਾ।

"ਹੁਣ ਇਸ ਬੱਚੇ ਦਾ ਕੀ ਬਣੇਗਾ ?" ਸੇਮਾਗਾ ਨੇ ਸਿਰ ਝਟਕਾ ਕੇ ਪੁੱਛਿਆ।


"ਇਹ ਕੀ ਏ ? ਇਹ ਬੱਚਾ ਕਿੱਥੋਂ ਆਇਆ ?"

"ਇਹ ਮੈਨੂੰ ਸੜਕ 'ਤੇ ਪਿਆ ਮਿਲ਼ਿਆ ਸੀ।"

ਤੇ ਸੇਮਾਗਾ ਨੇ ਬੱਚੇ ਨੂੰ ਆਪਣੇ ਕੋਟ ਵਿੱਚੋਂ ਬਾਹਰ ਕੱਢਿਆ। ਬੱਚਾ ਉਸਦੇ ਹੱਥਾਂ ਵਿੱਚ ਨਿਢਾਲ਼ ਪਿਆ ਹੋਇਆ ਸੀ।

"ਇਹ ਤਾਂ ਮਰਿਆ ਹੋਇਆ ਏ!" ਪੁਲਿਸ ਇੰਸਪੈਕਟਰ ਨੇ ਕਿਹਾ।

"ਮਰਿਆ ਹੋਇਆ ਏ!" ਸੇਮਾਗਾ ਦੇ ਮੂੰਹੋਂ ਨਿੱਕਲਿਆ। ਉਸਨੇ ਗੌਰ ਨਾਲ਼ ਬੱਚੇ ਨੂੰ ਵੇਖਿਆ ਤੇ ਫੇਰ ਉਸਨੂੰ ਮੇਜ਼ 'ਤੇ ਲੰਮਾ ਪਾ ਦਿੱਤਾ।



"ਕੀ ਤਮਾਸ਼ਾ ਇਹ," ਡੂੰਘਾ ਸਾਹ ਲੈਂਦੇ ਹੋਏ ਉਸਨੇ ਕਿਹਾ — "ਤੇ ਮੈਂ ਵੀ ਇਸਨੂੰ ਐਵੇਂ ਹੀ ਚੁੱਕ ਲਿਆ। ਕੀ ਪਤਾ ਜੇ ਮੈਂ ਇਹਨੂੰ ਉੱਥੇ ਈ... ਪਰ ਮੈਂ ਐਸਾ ਨਹੀਂ ਕੀਤਾ। ਮੈਂ ਇਹਨੂੰ ਇੱਕ ਵਾਰ ਚੁੱਕਿਆ ਤੇ ਹੇਠਾਂ ਰੱਖ ਦਿੱਤਾ।"

"ਇਹ ਕੀ ਬੋਲ਼ ਰਿਹਾ ਏਂ?" ਇੰਸਪੈਕਟਰ ਨੇ ਪੁੱਛਿਆ।

ਸੇਮਾਗਾ ਨੇ ਨਿਰਾਸ਼ ਨਜ਼ਰਾਂ ਨਾਲ਼ ਆਪਣੇ ਆਲ਼ੇ-ਦੁਆਲ਼ੇ ਦੇਖਿਆ।

ਬੱਚੇ ਦੀ ਮੌਤ ਨਾਲ਼ ਉਸਦੇ ਕਈ ਸਾਰੇ ਜਜ਼ਬੇ ਵੀ ਮਰ ਗਏ ਸਨ, ਜੋ ਸੜਕ 'ਤੇ ਤੁਰਦਿਆਂ ਸੇਮਾਗਾ ਦੇ ਦਿਲ ਵਿੱਚ ਪੈਦਾ ਹੋਏ ਸਨ।

ਹੁਣ ਉਹ ਠੰਢੇ ਯੱਖ਼ ਦਿਲਾਂ ਵਾਲ਼ੇ ਅਫ਼ਸਰਾਂ ਵਿੱਚ ਘਿਰਿਆ ਹੋਇਆ ਸੀ, ਤੇ ਉਸਨੂੰ ਸਾਹਮਣੇ ਜੇਲ੍ਹ ਤੇ ਅਦਾਲਤ ਤੋਂ ਛੁੱਟ ਕੁੱਝ ਹੋਰ ਵਿਖਾਈ ਨਹੀਂ ਦੇ ਰਿਹਾ ਸੀ। ਉਸਨੂੰ ਲੱਗਾ, ਜਿਵੇਂ ਉਸਦੇ ਅੰਦਰ ਕੋਈ ਸੱਟ ਵੱਜੀ ਹੋਵੇ। ਉਸਨੇ ਸ਼ਿਕਾਇਤੀ ਨਜ਼ਰਾਂ ਨਾਲ਼ ਬੱਚੇ ਵੱਲ ਵੇਖਿਆ ਤੇ ਆਹ ਭਰ ਕੇ ਕਿਹਾ :

"ਚੰਗਾ ਏਂ ਤੂੰ ਵੀ! ਤੇਰੇ ਕਰਕੇ ਮੈਂ ਫੜਿਆ ਗਿਆ ਹਾਂ, ਤੇ ਬਦਲੇ 'ਚ ਕੀ ਮਿਲਿਆ ਏ ਮੈਨੂੰ! ਮੈਂ ਤਾਂ ਸੋਚ ਰਿਹਾ ਸਾਂ ਕਿ... ਪਰ ਤੂੰ ਮੈਨੂੰ ਛੱਡ ਕੇ ਤੁਰਦਾ ਹੋਇਆ! ਅੱਛਾ!"

ਤੇ ਸੇਮਾਗਾ ਆਪਣੀ ਧੌਣ ਤੇ ਵਾਹੋਦਾਹੀ ਖ਼ਾਜ ਕਰਨ ਲੱਗਾ।

"ਲੈ ਜਾਓ ਇਹਨੂੰ," ਇੰਸਪੈਕਟਰ ਨੇ ਸੇਮਾਗਾ ਵੱਲ ਸਿਰ ਨਾਲ਼ ਇਸ਼ਾਰਾ ਕਰਕੇ ਕਿਹਾ।

ਤੇ ਉਹ ਉਸਨੂੰ ਲੈ ਗਏ।

ਤੇ ਬੱਸ।

**(1895)**





**ਅਨੁਰਾਗ ਟਰੱਸਟ**

ਲਖਨਊ